# ਅੰਗਰੇਜ਼ੀ ਨੂੰ ਇਕ ਵਾਧੂ ਭਾਸ਼ਾ ਜਾਂ ਉਪ-ਭਾਸ਼ਾ ਵਜੋਂ ਸਿੱਖਣ ਵਾਲੇ ਵਿਦਿਆਰਥੀਆਂ ਵਾਸਤੇ ਲਿਖਤੀ ਰਿਪੋਰਟਾਂ K-10

## ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਵਾਸਤੇ ਜਾਣਕਾਰੀ

ਸਤਿਕਾਰਯੋਗ ਮਾਪਿਓ ਅਤੇ ਸੰਭਾਲ ਕਰਨ ਵਾਲਿਓ

ਤੁਸੀਂ ਹਰ ਸਾਲ ਆਪਣੇ ਬੱਚੇ ਦੇ ਸਕੂਲ ਤੋਂ ਦੋ ਲਿਖਤੀ ਰਿਪੋਰਟਾਂ ਪ੍ਰਾਪਤ ਕਰਦੇ ਹੋ। ਇਹ ਰਿਪੋਰਟਾਂ ਤੁਹਾਨੂੰ ਇਹ ਸਮਝਣ ਵਿੱਚ ਮਦਦ ਕਰਨਗੀਆਂ ਕਿ ਤੁਹਾਡਾ ਬੱਚਾ ਕਿਵੇਂ ਤਰੱਕੀ ਕਰ ਰਿਹਾ ਹੈ ਅਤੇ ਤੁਹਾਡਾ ਸਕੂਲ ਤੁਹਾਡੇ ਬੱਚੇ ਦੇ ਸਿੱਖਣ ਵਿੱਚ ਕਿਵੇਂ ਸਹਾਇਤਾ ਕਰ ਰਿਹਾ ਹੈ। ਹਰੇਕ ਰਿਪੋਰਟ ਸਾਰੇ ਵਿਸ਼ਿਆਂ ਵਿੱਚ ਤੁਹਾਡੇ ਬੱਚੇ ਦੀ ਹੋ ਰਹੀ ਤਰੱਕੀ ਨੂੰ ਵਿਖਾਏਗੀ।

### ਅੰਗਰੇਜ਼ੀ ਨੂੰ ਇਕ ਵਾਧੂ ਭਾਸ਼ਾ ਜਾਂ ਉਪ-ਭਾਸ਼ਾ ਵਜੋਂ ਸਿੱਖਣ ਵਾਲੇ ਵਿਦਿਆਰਥੀਆਂ ਵਾਸਤੇ ਰਿਪੋਰਟਾਂ (English as an additional language or dialect (EAL/D))

ਜੇ ਤੁਹਾਡਾ ਬੱਚਾ ਇਕ ਵਾਧੂ ਭਾਸ਼ਾ ਜਾਂ ਉਪ-ਭਾਸ਼ਾ (EAL/D) ਵਜੋਂ ਅੰਗਰੇਜ਼ੀ ਸਿੱਖ ਰਿਹਾ ਹੈ, ਤਾਂ ਰਿਪੋਰਟ ਦੱਸੇਗੀ ਕਿ ਉਸ ਦੀ ਅੰਗਰੇਜ਼ੀ ਭਾਸ਼ਾ ਦੇ ਵਿਕਾਸ ਵਿੱਚ ਕਿਵੇਂ ਸਹਾਇਤਾ ਕੀਤੀ ਗਈ ਹੈ ਅਤੇ ਅੰਗਰੇਜ਼ੀ ਭਾਸ਼ਾ ਸਿੱਖਣ ਵਿੱਚ ਤੁਹਾਡੇ ਬੱਚੇ ਦੀ ਤਰੱਕੀ ਕਿਵੇਂ ਚੱਲ ਰਹੀ ਹੈ। ਪਹਿਲੀ ਜਮਾਤ ਅਤੇ ਇਸ ਤੋਂ ਉੱਪਰ ਦੇ ਵਿਦਿਆਰਥੀਆਂ ਵਾਸਤੇ, ਰਿਪੋਰਟ ਵਿੱਚ ਉਨ੍ਹਾਂ ਦੇ ਅੰਗਰੇਜ਼ੀ ਭਾਸ਼ਾ ਦੀ ਨਿਪੁੰਨਤਾ ਦਾ ਮੌਜੂਦਾ ਪੜਾਅ ਵੀ ਸ਼ਾਮਲ ਹੋਵੇਗਾ। ਇਹ ਪੜਾਅ ਸ਼ੁਰੂਆਤ, ਉਭਰ ਰਹੇ, ਵਿਕਾਸ ਕਰ ਰਹੇ ਜਾਂ ਪੱਕਾ ਕਰਨਾ ਹਨ। ਇਨ੍ਹਾਂ ਪੜਾਵਾਂ ਦੇ ਵੇਰਵੇ ਵਾਸਤੇ ਕਿਰਪਾ ਕਰਕੇ ਸਫ਼ੇ ਦੇ ਦੂਸਰੇ ਪਾਸੇ ਵੇਖੋ।

### ਨਵੇਂ ਆਏ (EAL/D) ਵਿਦਿਆਰਥੀਆਂ ਵਾਸਤੇ ਰਿਪੋਰਟਾਂ

ਜੇ ਤੁਹਾਡਾ ਬੱਚਾ ਕਿਸੇ EAL/D ਪ੍ਰੋਗਰਾਮ ਵਿੱਚ ਹੈ ਅਤੇ ਚਾਰ ਟਰਮਾਂ ਜਾਂ ਇਸ ਤੋਂ ਘੱਟ ਸਮੇਂ ਲਈ ਆਸਟ੍ਰੇਲੀਆ ਦੇ ਕਿਸੇ ਸਕੂਲ ਵਿੱਚ ਪੜ੍ਹਿਆ ਹੈ, ਤਾਂ ਤੁਹਾਡੇ ਬੱਚੇ ਦੀ ਲਿਖਤੀ ਰਿਪੋਰਟ ਵਿੱਚ ਦਰਜੇ ਦੀ ਬਜਾਏ ਉਨ੍ਹਾਂ ਵਿਸ਼ਿਆਂ ਵਿੱਚ ਉਸ ਦੀ ਤਰੱਕੀ ਬਾਰੇ ਟਿੱਪਣੀਆਂ ਸ਼ਾਮਲ ਹੋ ਸਕਦੀਆਂ ਹਨ ਜੋ ਉਹ ਸਿੱਖ ਰਹੇ ਹਨ।

### ਇੰਟੈਂਸਿਵ ਇੰਗਲਿਸ਼ ਸੈਂਟਰਾਂ ਜਾਂ ਇੰਟੈਂਸਿਵ ਇੰਗਲਿਸ਼ ਹਾਈ ਸਕੂਲ ਵਿੱਚ ਨਵੇਂ ਆਏ EAL/D ਵਿਦਿਆਰਥੀਆਂ ਵਾਸਤੇ ਰਿਪੋਰਟਾਂ

ਜੇ ਤੁਹਾਡਾ ਬੱਚਾ ਕਿਸੇ ਇੰਟੈਂਸਿਵ ਇੰਗਲਿਸ਼ ਸੈਂਟਰ ਜਾਂ ਇੰਟੈਂਸਿਵ ਇੰਗਲਿਸ਼ ਹਾਈ ਸਕੂਲ ਵਿੱਚ ਦਾਖ਼ਲ ਹੈ, ਤਾਂ ਤੁਸੀਂ ਅੰਗਰੇਜ਼ੀ ਸਿੱਖਣ ਵਿੱਚ ਉਸ ਦੀ ਤਰੱਕੀ ਬਾਰੇ ਲਿਖਤੀ ਰਿਪੋਰਟ ਪ੍ਰਾਪਤ ਕਰੋਗੇ। ਇਸ ਤੋਂ ਇਲਾਵਾ, ਰਿਪੋਰਟ ਹਾਈ ਸਕੂਲ ਦੀ ਤਿਆਰੀ ਲਈ ਪੜ੍ਹਾਏ ਗਏ ਸਾਰੇ ਵਿਸ਼ਿਆਂ ਵਿੱਚ ਤਰੱਕੀ ਵਿਖਾਏਗੀ।

| ਅੰਗਰੇਜ਼ੀ ਭਾਸ਼ਾ ਦੀ ਨਿਪੁੰਨਤਾ ਦੇ ਪੜਾਅ | |
|---|---|
| **ਸ਼ੁਰੂਆਤ** | ਸ਼ੁਰੂਆਤੀ ਪੜਾਅ ਵਿੱਚ ਵਿਦਿਆਰਥੀ ਅੰਗਰੇਜ਼ੀ ਸਿੱਖਣਾ ਸ਼ੁਰੂ ਕਰ ਰਹੇ ਹਨ। ਉਹ ਅੰਗਰੇਜ਼ੀ ਤੋਂ ਇਲਾਵਾ ਇਕ ਜਾਂ ਵਧੇਰੇ ਭਾਸ਼ਾਵਾਂ ਬੋਲ ਸਕਦੇ ਹਨ ਅਤੇ ਹੋ ਸਕਦਾ ਹੈ ਕਿ ਉਨ੍ਹਾਂ ਦੀ ਪਹਿਲੀ ਭਾਸ਼ਾ ਵਿੱਚ ਲਿਖਤੀ ਸਾਖਰਤਾ ਦਾ ਉਮਰ ਦੇ ਹਿਸਾਬ ਨਾਲ ਪੱਧਰ ਠੀਕ ਹੋਵੇ। ਇਹ ਵਿਦਿਆਰਥੀ ਪਾਠਕ੍ਰਮ ਦੇ ਸਾਧਾਰਣ ਭਾਸ਼ਾ ਦੇ ਕੰਮਾਂ ਨਾਲ ਜੁੜਨਾ ਸ਼ੁਰੂ ਕਰ ਰਹੇ ਹਨ। |
| **ਉਭਰ ਰਹੇ** | ਉੱਭਰ ਰਹੇ ਪੜਾਅ ਵਿੱਚ ਵਿਦਿਆਰਥੀਆਂ ਦਾ ਅੰਗਰੇਜ਼ੀ ਦਾ ਗਿਆਨ ਵੱਧ ਰਿਹਾ ਹੁੰਦਾ ਹੈ। ਇਹ ਵਿਦਿਆਰਥੀ ਮੁੱਢਲੀ ਅੰਗਰੇਜ਼ੀ ਸਮੇਤ ਇੱਕ ਜਾਂ ਵਧੇਰੇ ਭਾਸ਼ਾਵਾਂ ਬੋਲ ਸਕਦੇ ਹਨ, ਅਤੇ ਉਨ੍ਹਾਂ ਦਾ ਲਿਖਤੀ ਅੰਗਰੇਜ਼ੀ ਦਾ ਗਿਆਨ ਵੱਧ ਰਿਹਾ ਹੋ ਸਕਦਾ ਹੈ। ਇਹ ਵਿਦਿਆਰਥੀ ਜਮਾਤ ਦੇ ਕਮਰੇ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਦੇ ਯੋਗ ਹੁੰਦੇ ਹਨ ਅਤੇ ਸਿੱਖਣ ਵਿੱਚ ਸ਼ਾਮਲ ਹੁੰਦੇ ਹਨ ਜਦੋਂ ਭਾਸ਼ਾ ਸਿਖਾਉਣ ਅਤੇ ਜਮਾਤ ਦੇ ਕਮਰੇ ਦੀਆਂ ਉਚਿਤ ਗਤੀਵਿਧੀਆਂ ਨੂੰ ਪੂਰਾ ਕਰਨ ਲਈ ਵਾਧੂ ਸਮਾਂ ਦਿੱਤਾ ਜਾਂਦਾ ਹੈ। |
| **ਵਿਕਾਸ ਕਰ ਰਹੇ** | ਵਿਕਾਸ ਕਰ ਰਹੇ ਪੜਾਅ ਵਿੱਚ ਵਿਦਿਆਰਥੀ ਇਕ ਜਾਂ ਵਧੇਰੇ ਭਾਸ਼ਾਵਾਂ ਬੋਲ ਸਕਦੇ ਹਨ, ਜਿਸ ਵਿੱਚ ਕੰਮ ਜੋਗੀ ਅੰਗਰੇਜ਼ੀ ਵੀ ਸ਼ਾਮਲ ਹੈ, ਅਤੇ ਉਹ ਲਿਖਤੀ ਅੰਗਰੇਜ਼ੀ ਦੇ ਗਿਆਨ ਵਿੱਚ ਵਿਕਾਸ ਕਰ ਰਹੇ ਹਨ। ਇਹ ਵਿਦਿਆਰਥੀ ਜਮਾਤ ਦੇ ਕਮਰੇ ਅਤੇ ਸਕੂਲ ਦੇ ਨਿੱਤ ਦੇ ਕੰਮਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦੇ ਹਨ, ਅਤੇ ਵੱਧਦੀ ਸਫ਼ਲਤਾ ਦੇ ਨਾਲ ਸਿੱਖਣ ਦੇ ਕੰਮਾਂ ਵਿੱਚ ਸ਼ਾਮਲ ਹੋਣ ਦੇ ਯੋਗ ਹੁੰਦੇ ਹਨ। ਜਦੋਂ ਉਹ ਅੰਗਰੇਜ਼ੀ ਵਿਆਕਰਣ ਨੂੰ ਵਰਤਣ ਵਿੱਚ ਵਿਕਾਸ ਕਰ ਰਹੇ ਹਨ ਅਤੇ ਆਪਣੀ ਸ਼ਬਦਾਵਲੀ ਦਾ ਨਿਰਮਾਣ ਕਰ ਰਹੇ ਹਨ ਤਾਂ ਉਨ੍ਹਾਂ ਦੀ ਪਹਿਲੀ ਭਾਸ਼ਾ ਮਹੱਤਵਪੂਰਨ ਸਹਾਇਕ ਬਣੀ ਰਹਿੰਦੀ ਹੈ। |
| **ਪੱਕਾ ਕਰਨਾ** | ਪੱਕਾ ਕਰਨ ਵਾਲੇ ਪੜਾਅ ਵਿੱਚ ਵਿਦਿਆਰਥੀ ਅੰਗਰੇਜ਼ੀ ਸਮੇਤ ਇੱਕ ਜਾਂ ਵਧੇਰੇ ਭਾਸ਼ਾਵਾਂ ਬੋਲ ਸਕਦੇ ਹਨ ਅਤੇ ਲਿਖਤੀ ਅੰਗਰੇਜ਼ੀ ਦਾ ਵਧੀਆ ਗਿਆਨ ਰੱਖ ਸਕਦੇ ਹਨ। ਇਹ ਵਿਦਿਆਰਥੀ ਜਮਾਤ ਦੇ ਕਮਰੇ ਅਤੇ ਸਕੂਲ ਦੇ ਨਿੱਤ ਦੇ ਕੰਮਾਂ ਵਿੱਚ ਸੁਤੰਤਰ ਹੋ ਕੇ ਹਿੱਸਾ ਲੈਂਦੇ ਹਨ, ਅਤੇ ਆਮ ਸਫ਼ਲਤਾ ਦੇ ਨਾਲ ਸਿੱਖਣ ਵਿੱਚ ਸ਼ਾਮਲ ਹੋਣ ਲਈ ਉਨ੍ਹਾਂ ਕੋਲ ਅੰਗਰੇਜ਼ੀ ਦੀ ਵਰਤੋਂ ਕਰਨ ਦੀ ਵਧੀ ਹੋਈ ਯੋਗਤਾ ਹੁੰਦੀ ਹੈ। ਉਹ ਕਈ ਖ਼ਾਸ ਉਦੇਸ਼ਾਂ ਲਈ ਬੋਲੀ ਗਈ ਅਤੇ ਲਿਖੀ ਸ਼ਬਦਾਵਲੀ ਨੂੰ ਸਮਝਦੇ ਹਨ ਅਤੇ ਤਿਆਰ ਕਰਦੇ ਹਨ ਪਰ ਫਿਰ ਵੀ EAL/D ਵਿਦਿਆਰਥੀਆਂ ਦੇ ਸਹਿਯੋਗ ਲਈ ਭਾਸ਼ਾ 'ਤੇ ਧਿਆਨ ਕੇਂਦ੍ਰਿਤ ਕਰਨ ਵਾਲੀ ਸਿੱਖਿਆ ਅਤੇ ਰਣਨੀਤੀਆਂ ਦੀ ਜ਼ਰੂਰਤ ਹੁੰਦੀ ਹੈ, ਕਿਉਂਕਿ ਵਿਸ਼ੇ ਦੇ ਵਿੱਚ ਅਕਾਦਮਿਕ ਭਾਸ਼ਾ ਦਾ ਮਿਆਰ ਵੱਧਦਾ ਹੈ। |

## ਟੈਲੀਫ਼ੋਨ ਦੁਭਾਸ਼ੀਆ ਸੇਵਾ

ਜੇ ਤੁਸੀਂ ਵਧੇਰੇ ਜਾਣਕਾਰੀ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਕੂਲ ਨਾਲ ਸੰਪਰਕ ਕਰੋ। ਜੇ ਸਕੂਲ ਨਾਲ ਸੰਪਰਕ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਕਿਰਪਾ ਕਰਕੇ ਟੈਲੀਫ਼ੋਨ ਦੁਭਾਸ਼ੀਆ ਸੇਵਾ ਨੂੰ 131 450 'ਤੇ ਫ਼ੋਨ ਕਰੋ ਅਤੇ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ। ਦੁਭਾਸ਼ੀਆ ਸਕੂਲ ਨੂੰ ਫ਼ੋਨ ਕਰੇਗਾ ਅਤੇ ਗੱਲਬਾਤ ਵਿੱਚ ਸਹਾਇਤਾ ਕਰਨ ਲਈ ਲਾਈਨ 'ਤੇ ਬਣਿਆ ਰਹੇਗਾ। ਇਸ ਸੇਵਾ ਲਈ ਤੁਹਾਥੋਂ ਕੋਈ ਖ਼ਰਚਾ ਨਹੀਂ ਲਿਆ ਜਾਵੇਗਾ।